ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ
ਈ-ਬਲਾਕ, ਚੌਥੀ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ
ਮੀਮੋ ਨੰ: 6/3-2017 ਵਜੀਫਾ(6)
ਮਿਤੀ: 05-07-2017

ਵਿਸ਼ਾ:- ਵਿਦਿਅਕ ਸੈਸ਼ਨ 2017-18 ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਵਿੱਚ **epunjabschool.gov.in** ਤੇ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ 2017-18 ਲਈ ਨਾਲ ਨੱਥੀ ਪ੍ਰੀ-ਮੈਟ੍ਰਿਕ ਸਕੀਮਾਂ ਵਿੱਚ ਅਪਲਾਈ ਕਰਨ ਲਈ ਜਿਲ੍ਹਿਆਂ ਦੀ ਵੰਡ ਦਿਨਾਂ ਅਨੁਸਾਰ ਕਰਕੇ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਹੇਠ ਲਿਖੀਆਂ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਲਈ ਪੋਰਟਲ ਖੋਲ੍ਹਿਆ ਜਾਵੇਗਾ। ਭਾਵ ਅੱਧੇ ਜਿਲ੍ਹਿਆਂ ਦੇ ਸਕੂਲ ਇੱਕ ਦਿਨ ਅਤੇ ਬਾਕੀ ਅੱਧੇ ਜਿਲ੍ਹਿਆਂ ਦੇ ਸਕੂਲ ਅਗਲੇ ਦਿਨ ਅਪਲਾਈ ਕਰ ਸਕਣਗੇ।

| Sr. No. | Scholarship Scheme |
|---|---|
| 1. | Pre Matric Scholarship Scheme for the children whose parents are engaged in unclean occupation. |
| 2. | Pre Matric Scholarship Scheme for SC Students studying in 9th and 10th class. |
| 3. | Pre Matric Scholarship Scheme for OBC Students |
| 4. | Scholarship Scheme for Denotified Tribes |
| 5. | Promotion of Education among Educationally Backward Classes (Raj Vidayak Bhalai Scheme) |
| 6. | Attendance Scholarship for Economically Weaker BC Girl Students(Primary Level) |
| 7. | Attendance Scholarship for SC primary Girl Students(Primary Level) |

**Activity Schedule to apply in various pre matric scholarship scheme on epunjab portal for the academic session 2017-18**

| | | |
|---|---|---|
| 1. | Opening of Portal | 10 July, 2017 |
| 2. | The last date for submission of online applications | 31 July,2017 |
| 3. | Last date for the Schools to approve and forward online data to district | 10 August,2017 |
| 5. | The last date for the schools to correct temporary rejections and | 10 August,2017 |
| 4. | Districts to approve and forward online data to state | 01 August-20 August |

ਧਿਆਨ ਵਿੱਚ ਰੱਖਣਯੋਗ ਤੱਥ:-

- ਇਸ ਸਬੰਧੀ ਆਪਣੇ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਦਫਤਰ ਦੇ ਪੱਤਰ ਨੰ: 6/3-2017 ਵਜੀਫਾ(6) ਮਿਤੀ 18-04-2017 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਵੈਬਸਾਇਟ **ssapunjab.org** ਦੇ **scholarship link** ਵਿੱਚ ਦਰਜ ਸਕੀਮ ਵਾਰ ਨਾਰਮਜ ਅਨੁਸਾਰ ਪੋਰਟਲ ਤੇ **login-id through** ਯੋਗ ਵਿਦਿਆਰਥੀਆਂ ਨੂੰ ਹੀ ਉਨ੍ਹਾਂ ਵੱਲੋਂ ਅਪਲਾਈ ਕਰਵਾਇਆ ਜਾਵੇ। ਅਪਲਾਈ ਕਰਨ ਸਮੇਂ ਵਿਦਿਆਰਥੀਆਂ ਦਾ ਡਾਟਾ ਦਸਤਾਵੇਜਾਂ ਦੀ ਕਾਪੀ ਤੋਂ ਧਿਆਨ ਨਾਲ ਦਰੁਸਤ ਭਰਿਆ ਜਾਵੇ।
- ਨਿਰਧਾਰਿਤ ਸ਼ਡਿਊਲ ਤੋਂ ਬਾਅਦ ਕਿਸੇ ਜਿਲ੍ਹੇ/ਸਕੂਲ ਵੱਲੋਂ ਇਸ ਦਫਤਰ ਨੂੰ ਫਾਰਵਰਡ ਕੀਤਾ ਗਿਆ ਡਾਟਾ ਜਾਂ ਆਫਲਾਈਨ ਭੇਜਿਆ ਗਿਆ ਡਾਟਾ ਪ੍ਰਪੋਜਲ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ।
- ਸਕੂਲਾਂ ਵੱਲੋਂ ਡਾਟਾ ਅਪਰੂਵ ਕਰਨ ਤੇ ਉਨ੍ਹਾਂ ਵੱਲੋਂ ਇਸ ਸਬੰਧੀ ਆਨਲਾਈਨ ਸਰਟੀਫਿਕੇਸ਼ਨ ਲਈ ਜਾਵੇਗੀ ਕਿ ਉਨ੍ਹਾਂ ਵੱਲੋਂ ਭਰਿਆ ਗਿਆ ਡਾਟਾ ਦਰੁਸਤ ਹੈ।
- ਸਮੂਹ ਜਿਲ੍ਹੇ **data forward/approve** ਕਰਨ ਸਮੇਂ ਸਕੀਮਾਂ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਲਗਾਏ ਗਏ **checks** ਤੋਂ **filtered** ਦਰੁਸਤ ਡਾਟਾ ਹੀ ਸਟੇਟ ਪੱਧਰ ਨੂੰ ਫਾਰਵਰਡ ਕਰਨ।
- ਸਟੇਟ ਪੱਧਰ ਵੱਲੋਂ **Permanent Data rejection** ਕੀਤੀ ਜਾਵੇਗੀ। ਸਟੇਟ ਪੱਧਰ ਤੇ ਰਿਜੈਕਟ ਕੀਤੇ ਗਏ ਵਿਦਿਆਰਥੀ **permanent reject** ਸਮਝੇ ਜਾਣਗੇ ਅਤੇ ਉਨ੍ਹਾਂ ਵੱਲੋਂ ਚਾਲੂ ਵਿਦਿਅਕ ਸੈਸ਼ਨ ਲਈ ਵਜੀਫਾ ਸਕੀਮ ਵਿੱਚ ਅਪਲਾਈ ਨਹੀਂ ਕੀਤਾ ਜਾ ਸਕੇਗਾ।
- ਇਸ ਲਈ ਜਿਲ੍ਹਾ ਪੱਧਰ ਤੇ **Temporary Data rejection** ਅਤੇ ਸਟੇਟ ਪੱਧਰ ਤੇ **Permanent Data rejection** ਹੋਣ ਕਾਰਨ, ਜੇਕਰ ਕਿਸੇ ਵੀ ਵਿਦਿਆਰਥੀ ਦੇ ਡਾਟੇ ਵਿੱਚ ਕੋਈ ਗਲਤੀ ਹੈ ਜਾਂ ਉਹ ਸਕੀਮ ਅਧੀਨ ਯੋਗ ਨਹੀਂ ਹੈ, ਤਾਂ ਉਸ ਨੂੰ ਜਿਲ੍ਹਾ ਪੱਧਰ ਤੇ ਹੀ **disapprove** ਕਰਕੇ ਸਕੂਲ ਦੀ **login-id** ਵਿੱਚ ਵਾਪਸ ਭੇਜ਼ ਦਿੱਤਾ ਜਾਵੇ, ਤਾਂ ਜ਼ੋ ਸਕੂਲਾਂ ਵੱਲੋਂ ਸਮੇਂ ਸਿਰ ਡਾਟਾ ਦਰੁਸਤ ਕਰਕੇ ਅੱਗੇ ਫਾਰਵਰਡ ਕੀਤਾ ਜਾ ਸਕੇ, ਅਤੇ ਕੋਈ ਵੀ ਵਿਦਿਆਰਥੀ ਜ਼ੋ ਸਕੀਮ ਦਾ ਲਾਭ ਲੈਣ ਦੇ ਯੋਗ ਹੈ, ਵਜੀਫੇ ਤੋਂ ਵਾਂਝਾ ਨਾ ਰਹਿ ਜਾਵੇ। ਜੇਕਰ ਕੋਈ ਵੀ ਵਿਦਿਆਰਥੀ ਵਜੀਫਾ ਸਕੀਮ ਵਿੱਚ ਲਾਭ ਲੈਣ ਤੋਂ ਯੋਗ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਯੋਗ ਵਿਦਿਆਰਥੀਆਂ ਨੂੰ ਹੀ ਵਿਦਿਅਕ ਸੈਸ਼ਨ 2017-18 ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਵਿੱਚ **epunjabschool.gov.in** ਤੇ ਅਪਲਾਈ ਕਰਵਾਇਆ ਜਾਵੇ।

ਸਹੀ/-

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ                                        ਮਿਤੀ: ਉਕਤ

ਉਕਤ ਦਾ ਉਤਾਰਾ:-

1. ਮੰਡਲ ਸਿੱਖਿਆ ਅਫਸਰ(ਨਾਭਾ, ਜਲੰਧਰ, ਫਰੀਦਕੋਟ) ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਜਿਲ੍ਹਿਆਂ ਨੂੰ ਉਕਤ ਅਨੁਸਾਰ ਕਾਰਵਾਈ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕਰਨ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਮੈਨੇਜਰ/ਐਮ.ਆਈ.ਐਸ ਵਿੰਗ, ਦਫਤਰ ਡੀ.ਜੀ.ਐਸ.ਈ,ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
3. ਪੀ.ਏ/ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:), ਪੰਜਾਬ ਜੀ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ- 7/7/17

ਵਿਸ਼ੇਸ਼ ਕਾਰਜ ਅਫਸਰ(ਵਜੀਫਾ)